# ਅੰਤਰਰਾਸ਼ਟਰੀ ਮਹਿਲਾ ਦਿਵਸ/ਕੌਮਾਂਤਰੀ ਨਾਰੀ ਦਿਵਸ

## ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥




ਵਰਲਡ ਪੰਜਾਬੀ ਟਾਈਮਜ਼

ਦੁਨੀਆ ਭਰ ਵਿੱਚ ਵੱਸਦੀਆਂ ਸਾਰੀਆਂ ਔਰਤਾਂ ਨੂੰ ਕੌਮਾਂਤਰੀ ਔਰਤ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਪ੍ਰਵਾਨ ਹੋਵਣ ਜੀ।

ਅੰਤਰਰਾਸ਼ਟਰੀ ਮਹਿਲਾ ਦਿਵਸ ਜਾਂ ਕੌਮਾਂਤਰੀ ਨਾਰੀ ਦਿਵਸ ਇੱਕ ਹੀ ਦਿਨ ਦੇ ਦੋ ਵੱਖ ਵੱਖ ਨਾਮ ਹਨ। ਮਹਿਲਾ ਦਿਵਸ 1911 ਈਸਵੀ ਤੋਂ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਪਹਿਲੀ ਵਾਰ ਮਹਿਲਾ ਦਿਵਸ 19 ਮਾਰਚ 1911 ਈਸਵੀ ਨੂੰ ਮਨਾਇਆ ਗਿਆ ਸੀ। ਉਸ ਤੋਂ ਬਾਅਦ 1921 ਈਸਵੀ ਨੂੰ ਮਾਸਕੋ ਵਿੱਚ ਕਮਿਊਨਿਸਟ ਪਾਰਟੀ ਦੀਆਂ ਔਰਤਾਂ ਦੀ ਦੂਜੀ ਅੰਤਰਰਾਸ਼ਟਰੀ ਕਾਨਫਰੰਸ ਹੋਈ ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਹਰ ਸਾਲ 8 ਮਾਰਚ ਨੂੰ ਕੌਮਾਂਤਰੀ ਨਾਰੀ ਦਿਵਸ ਮਨਾਇਆ ਜਾਇਆ ਕਰੇਗਾ। ਕੌਮਾਂਤਰੀ ਨਾਰੀ ਦਿਵਸ ਔਰਤਾਂ ਨੂੰ ਬਰਾਬਰੀ ਦੇ ਅਧਿਕਾਰ ਦਿਵਾਉਣ, ਔਰਤਾਂ ਲਈ ਵੋਟ ਦੇ ਰਾਖਵੇਂ ਕਰਨ, ਪਿਆਰ, ਸਤਿਕਾਰ ਤੇ ਮਹਿਲਾ ਮਜ਼ਦੂਰਾਂ ਦੀ ਮੁਕਤੀ ਦੀ ਲੜਾਈ ਨੂੰ ਮੁੱਖ ਰੱਖਦੇ ਹੋਏ ਮਨਾਇਆ ਜਾਂਦਾ ਹੈ।

ਸਦੀਆਂ ਤੋਂ ਔਰਤ ਨੂੰ ਪੂਜਣ ਯੋਗ ਮੰਨਿਆ ਜਾਂਦਾ ਸੀ। ਪੁਰਾਣੇ ਜ਼ਮਾਨੇ ਵਿੱਚ ਔਰਤਾਂ ਹਮੇਸ਼ਾ ਆਪਣੇ ਘਰ ਦਾ ਕੰਮ ਕਰਦੀਆਂ ਸਨ ਤੇ ਘਰ ਵਿੱਚ ਰਹਿ ਕੇ ਆਪਣੇ ਜਵਾਕਾਂ ਦਾ ਪਾਲਣ ਪੋਸ਼ਣ ਕਰਦੀਆਂ ਸਨ। ਮਰਦ ਘਰ ਤੋਂ ਬਾਹਰ ਜਾ ਕੇ ਕਮਾਈ ਕਰਕੇ ਲਿਆਉਂਦਾ ਸੀ ਤੇ ਔਰਤ ਘਰ ਵਿੱਚ ਰਹਿ ਕੇ ਉਸ ਕਮਾਈ ਦੀ ਠੀਕ ਵਰਤੋਂ ਕਰਦੀ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਔਰਤ ਨੂੰ ਘਰ ਦੇ ਨਾਲ ਨਾਲ ਬਾਹਰ ਜਾ ਕੇ ਕੰਮ ਕਰਨ ਦੀ ਲੋੜ ਮਹਿਸੂਸ ਹੋਈ ਤੇ ਉਸ ਸਮੇਂ ਤੋਂ ਬਾਅਦ ਅੱਜ ਤੱਕ ਔਰਤ ਹਰ ਖੇਤਰ ਵਿੱਚ ਤੇ ਹਰ ਪੱਖੋਂ ਮਰਦ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਦੀ ਆ ਰਹੀ ਹੈ। ਜੇਕਰ ਅਸੀਂ ਇਹ ਕਹਿ ਲਈਏ ਕਿ ਔਰਤ ਮਰਦ ਨਾਲ ਕਦਮ ਨਾਲ ਕਦਮ ਮਿਲਾ ਕੇ ਹੀ ਨਹੀਂ ਚੱਲ ਰਹੀ ਸਗੋਂ ਕਈ ਖੇਤਰਾਂ ਵਿੱਚ ਮਰਦ ਤੋਂ ਬਹੁਤ ਕਦਮ ਅੱਗੇ ਵੀ ਨਿਕਲ ਚੁੱਕੀ ਹੈ।

ਸਿੱਖ ਧਰਮ ਦੇ ਬਾਨੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿੰਦੇ ਹੋਏ, ਔਰਤ ਨੂੰ ਪੂਜਣ ਯੋਗ ਮੰਨਦੇ ਹੋਏ, ਔਰਤ ਦੀ ਨਿੰਦਾ ਨਾ ਕਰਨ ਲਈ ਕਿਹਾ ਤੇ ਗੁਰਬਾਣੀ ਵਿੱਚ ਇਹ ਸ਼ਬਦ ਉਚਾਰਿਆ ਹੈ।

ਮਃ ੧ ॥ਅੰਗ ੪੭੩(473)
ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਗੁਰਬਾਣੀ ਵਿੱਚ ਔਰਤ ਨੂੰ ਸਤਿਕਾਰ ਦਿੰਦੇ ਹੋਏ, ਮਾਂ, ਭੈਣ, ਪਤਨੀ, ਧੀ ਵਰਗੇ ਰਿਸ਼ਤਿਆਂ ਦਾ ਰੂਪ ਦੱਸਦੇ ਹੋਏ ਔਰਤਾਂ ਨੂੰ ਨਾਰੀ ਸ਼ਕਤੀ ਦੱਸਿਆ ਗਿਆ ਹੈ। ਸਿੱਖ ਇਤਿਹਾਸ ਦੇ ਪੰਨਿਆਂ ਤੇ ਝਾਤ ਮਾਰੀਏ ਤਾਂ ਅਨੇਕ ਸਿੱਖ ਬੀਬੀਆਂ ਤੇ ਮਾਤਾਵਾਂ ਦੇ ਨਾਮ ਆਉਂਦੇ ਹਨ ਜ਼ਿਹਨਾਂ ਨੇ ਆਪਣਾ ਮਹਾਨ ਯੋਗਦਾਨ ਦੇ ਕੇ ਬਹੁਤ ਕੁਰਬਾਨੀਆਂ ਕਰਕੇ ਇਤਿਹਾਸ ਸਿਰਜਿਆ ਹੈ। ਜ਼ਿਹਨਾਂ ਮਹਾਨ ਸਿੱਖ ਬੀਬੀਆਂ ਦੇ ਨਾਮ ਕੁਝ ਇਸ ਪ੍ਰਕਾਰ ਹਨ, ਮਾਤਾ ਸੁਲੱਖਣੀ ਜੀ, ਬੀਬੀ ਨਾਨਕੀ ਜੀ, ਬੀਬੀ ਭਾਨੀ ਜੀ, ਮਾਤਾ ਖੀਵੀ ਜੀ, ਮਾਤਾ ਗੁਜਰੀ ਜੀ ਪਹਿਲੀ ਸਿੱਖ ਬੀਬੀ ਸ਼ਹੀਦ,ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਈ ਭਾਗੋ ਜੀ, ਬੀਬੀ ਸ਼ਰਨ ਕੌਰ ਜੀ ਸ਼ਹੀਦ, ਬੀਬੀ ਰਜਨੀ ਜੀ, ਰਾਣੀ ਸਦਾ ਕੌਰ ਜੀ, ਰਾਣੀ ਜਿੰਦਾਂ ਜੀ ਆਦਿ ਸ਼ਾਮਲ ਹਨ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸਾ ਪੰਥ ਸਜਾਉਣ ਵੇਲੇ ਪੰਜ ਪਿਆਰਿਆਂ ਦੇ ਨਾਲ ਮਾਤਾ ਸਾਹਿਬ ਕੌਰ ਜੀ ਤੋਂ ਖੰਡੇ ਬਾਟੇ ਦੇ ਅੰਮ੍ਰਿਤ ਵਿੱਚ ਮਿੱਠੇ ਪਤਾਸੇ ਪਵਾ ਕੇ ਇਹ ਸਾਬਿਤ ਕਰ ਦਿੱਤਾ ਕਿ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਸਭ ਗੁਰੂ ਸਾਹਿਬਾਨਾਂ ਨੇ ਬਰਾਬਰ ਦਾ ਦਰਜਾ ਦਿੱਤਾ ਹੈ।
ਮੈਂ ਇੱਕ ਸਿੱਖ ਔਰਤ ਹੋਣ ਦੇ ਨਾਤੇ ਜਿੱਥੇ ਬਹੁਤ ਮਾਣ ਮਹਿਸੂਸ ਕਰਦੀ ਹਾਂ ਉੱਥੇ ਨਾਲ ਹੀ ਆਪਣੇ ਗੁਰੂ ਸਾਹਿਬਾਨਾਂ ਦਾ ਬਹੁਤ ਸਤਿਕਾਰ ਤੇ ਸ਼ੁਕਰਾਨਾ ਵੀ ਕਰਦੀ ਹਾਂ ਜ਼ਿਹਨਾਂ ਨੇ ਸਾਨੂੰ ਸਮਾਜਿਕ ਤੇ ਧਾਰਮਿਕ ਪੱਖ ਵਿੱਚ ਬਰਾਬਰ ਦਾ ਦਰਜਾ ਦਿੱਤਾ ਹੈ। ਅਸੀਂ ਮਾਤਾ ਗੁਜਰੀ ਜੀ ਤੇ ਮਾਤਾ ਸਾਹਿਬ ਕੌਰ ਦੀਆਂ ਵਾਰਿਸ ਹਾਂ ਇਹ ਸੋਚ ਕੇ ਹੀ ਹੌਂਸਲੇ ਬੁਲੰਦ ਰਹਿੰਦੇ ਹਨ ਤੇ ਮੈਂ ਹਰ ਪਲ ਚੜ੍ਹਦੀ ਕਲਾ ਚ ਰਹਿੰਦੀ ਹਾਂ, ਉੱਪਰ ਤੋਂ ਮੇਰੇ ਨਾਮ ਨਾਲ ਲੱਗਾ ਇੱਕ ਖ਼ਾਸ ਰੁਤਬਾ, ਇੱਕ ਖ਼ਾਸ ਤਾਜ "ਸਿੰਘ" ਸ਼ਬਦ ਮੈਨੂੰ ਹਰ ਪਲ ਖੁਸ਼ੀਆਂ ਖੇੜਿਆਂ ਵਿੱਚ ਰੱਖਣ ਲਈ ਪ੍ਰੇਰਦਾ ਰਹਿੰਦਾ ਹੈ। ਮੇਰਾ ਨਾਮ ਹੀ ਮੈਨੂੰ ਇਹ ਜਿਤਾਉਂਦਾ ਹੈ ਕਿ ਤੂੰ ਕਿਸੇ ਪੱਖੋਂ ਘੱਟ ਨੀ, ਤੂੰ ਬਹੁਤ ਖ਼ਾਸ ਹੈ। ਇਸੇ ਤਰਾਂ ਹਰ ਔਰਤ ਨੂੰ ਸੋਚਣਾ ਚਾਹੀਦਾ ਹੈ ਤੇ ਹਰ ਪਲ ਆਪਣੇ ਨਾਮ ਦੀ ਲਾਜ ਰੱਖਣ ਲਈ ਚੜ੍ਹਦੀ ਕਲਾ ਚ ਰਹਿਣਾ ਚਾਹੀਦਾ ਹੈ। ਇੱਕ ਔਰਤ ਲੋੜ ਪੈਣ ਤੇ ਮਰਦ ਵੀ ਬਣ ਸਕਦੀ ਹੈ ਤੇ ਸਭ ਕੁਝ ਕਰ ਸਕਦੀ ਹੈ। ਇਹ ਖ਼ਾਸ ਵਿਸ਼ੇਸ਼ਤਾ ਕੇਵਲ ਤੇ ਕੇਵਲ ਵਾਹਿਗੁਰੂ ਜੀ ਨੇ ਔਰਤ ਨੂੰ ਹੀ ਦਿੱਤੀ ਹੈ। ਜਿੰਨੀਆਂ ਜ਼ਿਆਦਾ ਔਰਤਾਂ ਜ਼ਿਆਦਾ ਸੂਖਮ, ਸੋਹਲ ਹੁੰਦੀਆਂ ਹਨ ਉਸ ਦੇ ਨਾਲ ਹੀ ਉ

ਜੇਕਰ ਅਖੀਰ ਮੈਂ ਅੱਜ ਦੀ ਔਰਤ ਦੀ ਗੱਲ ਕਰਾ ਤਾਂ ਅੱਜ ਦੀ ਔਰਤ ਹਰ ਤਰਾਂ ਨਾਲ ਤਰੱਕੀ ਕਰ ਚੁੱਕੀ ਹੈ, ਹਰ ਤਰਾਂ ਦੇ ਅਧਿਕਾਰ ਇਸ ਨੂੰ ਮਿਲ ਚੁੱਕੇ ਹਨ, ਹਰ ਤਰਾਂ ਦੀ ਅਜ਼ਾਦੀ ਇਸ ਨੂੰ ਪ੍ਰਾਪਤ ਹੈ ਸਗੋਂ ਮਰਦਾਂ ਤੋਂ ਵੀ ਪਾਰ ਦੀ ਅਜ਼ਾਦੀ ਤੇ ਹੱਕ ਔਰਤਾਂ ਹਾਸਲ ਕਰ ਚੁੱਕੀਆਂ ਹਨ।

ਪਰ ਕਿਤੇ ਨਾ ਕਿਤੇ ਮੇਰਾ ਔਰਤ ਹੋਣ ਦਾ ਮਾਣ ਢਹਿ ਢੇਰੀ ਹੋ ਜਾਂਦਾ ਹੈ, ਮੈਨੂੰ ਆਪਣੇ ਔਰਤ ਹੋਣ ਤੇ ਬਹੁਤ ਸ਼ਰਮ ਆਉਣ ਲੱਗ ਪੈਂਦੀ ਹੈ ਜਦੋਂ ਮੈਂ ਅੱਜ ਦੀਆਂ ਪੰਜਾਬਣਾਂ ਨੂੰ ਅੱਧ ਨੰਗੇ ਕੱਪੜੇ ਪਹਿਨੇ ਹੋਏ ਵੇਖਦੀ ਹਾਂ, ਜਦੋਂ ਨਕਾਰਾ ਹੋ ਚੁੱਕੀਆਂ ਸੁਆਣੀਆਂ ਨੂੰ ਵੇਖਦੀ ਹਾਂ, ਜਦੋ ਰੀਲਾਂ ਬਣਾ ਬਣਾ ਕੇ ਨੈੱਟ ਤੇ ਗੰਦ ਪਾਉਂਦੀਆਂ ਵੇਖਦੀ ਹਾਂ, ਜਦੋ ਮਰਦਾਂ ਤੋਂ ਜ਼ਿਆਦਾ ਨਸ਼ੇ ਕਰਦੀਆਂ ਵੇਖਦੀ ਹਾਂ। ਅੱਜ ਲੋੜ ਹੈ ਉਹਨਾਂ ਔਰਤਾਂ ਨੂੰ ਆਪਣਾ ਵਜੂਦ ਪਛਾਣਨ ਦੀ, ਲੋੜ ਹੈ ਯਾਦ ਰੱਖਣ ਦੀ ਕਿ ਅਸੀਂ ਕਿਸ ਕੌਮ ਦੀਆਂ ਹਾਂ ? ਅਸੀਂ ਵਾਰਿਸ ਕਿਸ ਮਾਂ ਦੀਆਂ ਹਾਂ ? ਅਸੀਂ ਕਿਸ ਵਿਰਸੇ ਦੀਆਂ ਮਾਲਕ ਹਾਂ ? ਵਾਹਿਗੁਰੂ ਉਹਨਾਂ ਨੂੰ ਸੁਮੱਤ ਬਖਸ਼ੇ ਤੇ ਆਉਣ ਵਾਲੇ ਸਮੇਂ ਚ ਆਪਣਾ ਚੰਗਾ ਪ੍ਰਭਾਵ ਪਾਉਣ।

## || ਵਿਰਸੇ ਦੀ ਮਹਿਕ ||

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ



ਆਓ ਪੰਜਾਬੀ ਵਿਰਸੇ ਦੀ ਮਹਿਕ ਨਾਲ।
ਪੂਰੇ ਵਿਸ਼ਵ ਨੂੰ ਰੀਝ ਨਾਲ ਮਹਕਾਈਏ।।

ਲੋਕ ਗੀਤ ਬੋਲੀਆਂ ਗਿੱਧੇ ਭੰਗੜੇ ਨਾਲ।
ਲੋਕ ਮਨਾਂ ਵਿੱਚ ਸਿੱਧਾ ਘਰ ਕਰ ਜਾਈਏ।।

ਪੰਜਾਬੀ ਮਾਂ ਬੋਲੀ ਦੀ ਮਿਠਾਸ ਦੇ ਨਾਲ।
ਲੋਕਾਂ ਮਨਾਂ ਵਿੱਚ ਮਿਠਾਸ ਭਰ ਆਈਏ।।

ਆਓ ਪੰਜਾਬੀ ਵਿਰਸੇ ਦੀ ਸਾਂਝ ਦੇ ਨਾਲ।
ਚੜ੍ਹਦੇ ਲਹਿੰਦੇ ਪੰਜਾਬ ਦੀ ਸਾਂਝ ਵਧਾਈਏ।।

ਸੱਚੇ ਲੋਕ ਨਾਇਕਾਂ ਦੀ ਜੀਵਨ ਗਾਥਾ ਨਾਲ
ਹਰ ਇੱਕ ਨੂੰ ਪੂਰੀ ਤਰਾਂ ਜਾਣੂ ਕਰਵਾਈਏ।।

ਆਓ ਸੂਦ ਵਿਰਕ ਆਪਣੀ ਕਲਮ ਦੇ ਨਾਲ।
ਹਰ ਘਰ ਪੰਜਾਬੀਅਤ ਦਾ ਬੂਟਾ ਲਾਈਏ।।

## ਸਮਾਜ ਨੂੰ ਇਸਤਰੀਆਂ ਬਾਰੇ ਸੋਚ ਬਦਲਣ ਦੀ ਲੋੜ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ





ਸਮਾਜ ਨੂੰ ਇਸਤਰੀਆਂ ਬਾਰੇ ਆਪਣੀ ਸੋਚ ਬਦਲਣੀ ਚਾਹੀਦੀ ਹੈ। ਇਸਤਰੀਆਂ ਨੂੰ ਬਰਾਬਰਤਾ ਦਾ ਦਰਜਾ ਅਮਲੀ ਤੌਰ 'ਤੇ ਦੇਣਾ ਚਾਹੀਦਾ ਹੈ। ਅਖ਼ਬਾਰੀ ਬਿਆਨਾ ਨਾਲ ਰਾਬਰਤਾ ਦਾ ਦਰਜਾ ਨਹੀਂ ਮਿਲਦਾ। ਇਸਤਰੀਆਂ ਸੰਬੰਧੀ ਹਰ ਸਾਲ ਸੰਸਾਰ ਵਿੱਚ ਇੱਕ ਦਿਨ 'ਇਸਤਰੀ ਦਿਵਸ' ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਉਸ ਦਿਨ ਇਸਤਰੀਆਂ ਦੇ ਸੋਹਲੇ ਗਾਏ ਜਾਂਦੇ ਹਨ। ਇਸਤਰੀ ਦਾ ਸਮਾਜ ਵਿੱਚ ਮਹੱਤਵਪੂਰਨ ਸਥਾਨ ਹੈ। ਉਹ ਸਮਾਜ ਦਾ ਅੱਧਾ ਹਿੱਸਾ ਹੈ, ਇਸ ਲਈ ਉਸ ਨੂੰ ਅਰਧੰਗਣੀ ਕਿਹਾ ਜਾਂਦਾ ਹੈ। ਸਾਲ ਵਿੱਚ ਇਕ ਦਿਨ ਉਨ੍ਹਾਂ ਦੀ ਮਹੱਤਤਾ ਬਾਰੇ ਇਸਤਰੀ ਦਿਵਸ ਮਨਾਉਣਾ ਵਾਜਬ ਨਹੀਂ, ਸਗੋਂ ਹਰ ਰੋਜ਼ ਹੀ ਇਸਤਰੀ ਦੀ ਕਦਰ ਕਰਨੀ ਸਮਾਜ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਉਹ ਸਮਾਜ ਦੀ ਸਿਰਜਕ ਹੈ। ਇਸਤਰੀ ਤੋਂ ਬਿਨਾ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਹਰ ਰੋਜ਼ ਹੀ ਇਸਤਰੀ ਦਿਵਸ ਹੋਣਾ ਚਾਹੀਦਾ ਹੈ ਕਿਉਂਕਿ ਉਹ ਸਾਡੀ ਮਾਂ, ਭੈਣ, ਧੀ, ਪਤਨੀ ਅਤੇ ਦੋਸਤ ਹੁੰਦੀ ਹੈ। ਮਰਦ ਦਾ ਹਰ ਰਿਸ਼ਤਾ ਔਰਤ ਨਾਲ ਹੁੰਦਾ ਹੈ। ਔਰਤ ਤੋਂ ਬਿਨਾ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਸਾਲ ਵੀ ਇਹ ਦਿਵਸ 8 ਮਾਰਚ ਨੂੰ ਮਨਾਇਆ ਜਾ ਰਿਹਾ ਹੈ। ਭਾਰਤੀ ਅਤੇ ਖਾਸ ਤੌਰ 'ਤੇ ਪੰਜਾਬੀ ਵੀ ਹਰ ਸਾਲ ਬਾਕੀ ਸੰਸਾਰ ਦੀ ਤਰ੍ਹਾਂ ਇਸਤਰੀਆਂ ਵਿੱਚ ਆਪਣੇ ਹੱਕਾਂ ਅਤੇ ਫ਼ਰਜਾਂ ਬਾਰੇ ਜਾਗ੍ਰਤੀ ਪੈਦਾ ਕਰਨ ਲਈ ਵੱਖ-ਵੱਖ ਸਮਾਗਮ ਕਰਕੇ 'ਇਸਤਰੀ ਦਿਵਸ' ਮਨਾਉਂਦੇ ਹਨ। ਪੰਜਾਬੀ ਤਾਂ ਇਸ ਦਿਵਸ ਨੂੰ ਮਨਾਉਣ ਵਿੱਚ ਵਿਖਾਵਾ ਵੀ ਜ਼ਿਆਦਾ ਕਰਦੇ ਹਨ। ਸਾਰੀਆਂ ਸਵੈ-ਇੱਛਤ ਸਮਾਜਿਕ, ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਇੱਕ ਦੂਜੇ ਤੋਂ ਅੱਗੇ ਵੱਧਕੇ ਇਸ ਦਿਵਸ ਨੂੰ ਮਨਾਉਂਦੀਆਂ ਹਨ। ਇਹ ਦਿਵਸ ਮਨਾਉਣ ਦੀਆਂ ਖ਼ਬਰਾਂ ਨਾਲ ਅਖ਼ਬਾਰ ਭਰੇ ਹੁੰਦੇ ਹਨ। ਖ਼ਬਰਾਂ ਪੜ੍ਹਕੇ ਇਉਂ ਲੱਗ ਰਿਹਾ ਹੁੰਦਾ ਹੈ ਕਿ ਇਸਤਰੀ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਹੈ ਪ੍ਰੰਤੂ ਅਮਲੀ ਰੂਪ ਵਿੱਚ ਇਹ ਸਾਰਾ ਕੁਝ ਨਹੀਂ ਹੁੰਦਾ। ਇਹ ਤਾਂ ਸਿਰਫ ਵਿਖਾਵਾ ਕੀਤਾ ਹੁੰਦਾ ਹੈ, ਜੇਕਰ ਸਮਾਜ ਅਮਲੀ ਰੂਪ ਵਿੱਚ ਇਸਤਰੀਆਂ ਦਾ ਮਾਣ ਸਨਮਾਨ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੇ ਸਪੁੱਤਰਾਂ ਨੂੰ ਇਸਤਰੀਆਂ ਦਾ ਸਨਮਾਨ ਕਰਨ ਦੀ ਸਿਖਿਆ ਦੇ ਕੇ ਆਪਣਾ ਯੋਗਦਾਨ ਪਾਉਣ ਕਿਉਂਕਿ ਸਾਰੇ ਮਰਦ ਇਸਤਰੀਆਂ ਦੀ ਕੁੱਖ ਵਿੱਚੋਂ ਹੀ ਜਨਮ ਲੈਂਦੇ ਹਨ। ਫਿਰ ਉਹ ਇਸਤਰੀਆਂ ਨਾਲ ਦੁਰਵਿਵਹਾਰ ਅਤੇ ਬਲਾਤਕਾਰ ਕਰਨ ਵਰਗੇ ਘਿਨਾਉਣੇ ਕੰਮ ਕਰਨ ਸਮੇਂ ਆਪੋ ਆਪਣੀਆਂ ਮਾਵਾਂ ਨੂੰ ਕਿਉਂ ਨਹੀਂ ਚਿਤਵਦੇ? ਜੇਕਰ ਇਹ ਸੰਸਥਾਵਾਂ ਅਤੇ ਸਮਾਜ ਬੁਰਾ ਨਾ ਮਨਾਉਣ ਤਾਂ ਸਭ ਤੋਂ ਪਹਿਲਾਂ ਅਜਿਹੇ ਦਿਵਸ ਮਨਾਉਣ ਸਮੇਂ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਆਪਣੀ ਅੰਤਹਕਰਨ ਦੀ ਆਵਾਜ਼ ਸੁਣਨ, ਕੀ ਉਹ ਅਮਲੀ ਤੌਰ 'ਤੇ ਅਜਿਹਾ ਕਰਦੇ ਹਨ? ਜਦੋਂ ਸਾਡਾ ਸਮਾਜ ਵਿਖਾਵੇ ਦੀ ਦੁਨੀਆਂ ਵਿੱਚੋਂ ਬਾਹਰ ਆ ਕੇ ਅਮਲੀ ਤੌਰ 'ਤੇ ਇਸਤਰੀ ਨੂੰ ਬਣਦਾ ਮਾਨ ਸਨਮਾਨ ਦੇਣ ਲੱਗ ਜਾਵੇਗਾ ਤਾਂ ਹਰ ਮਾਂ/ਇਸਤਰੀਆਂ ਬੇਫ਼ਿਕਰ ਹੋ ਕੇ ਆਪਣਾ ਜੀਵਨ ਬਸਰ ਕਰ ਸਕਣਗੀਆਂ। ਇਸ ਸਮੇਂ ਤਾਂ ਲੜਕੀਆਂ ਦਾ ਸਮਾਜ ਵਿੱਚ ਵਿਚਰਨਾ ਅਸੰਭਵ ਜਾਪਦਾ ਹੈ ਕਿਉਂਕਿ ਮਰਦ ਇਸਤਰੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲਈ ਹਰ ਕਦਮ ਚੁੱਕਣ ਲਈ ਤਿਆਰ ਵਰ ਤਿਆਰ ਰਹਿੰਦੇ ਹਨ। ਇਸ ਕਰਕੇ ਹੀ ਮਾਪੇ ਆਪਣੀਆਂ ਲੜਕੀਆਂ ਨੂੰ ਇਕੱਲੀਆਂ ਕਿਸੇ ਵੀ ਥਾਂ 'ਤੇ ਭੇਜਣ ਤੋਂ ਝਿਜਕਦੇ ਹਨ। ਇਸਤੋਂ ਵੱਡੀ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ ਕਿ 2 ਮਾਰਚ ਨੂੰ ਇੱਕ ਸਪੈਨਿਸ਼ ਟੂਰਿਸਟ ਔਰਤ ਨੂੰ ਝਾਰਖੰਡ ਦੇ ਧੁਮਕਾ ਜਿਲ੍ਹੇ ਦੇ ਕੁਮਾਰਹੱਟ ਤੋਂ ਦੋ ਮੀਲ ਦੂਰ ਕੁੰਜਲੀ ਬਸਤੀ ਵਿੱਚ ਕੁਝ ਵਿਅਕਤੀਆਂ ਨੇ ਸਮੂਹਿਕ ਬਲਾਤਕਾਰ ਕਰਕੇ ਉਸ ਦੀ ਅਤੇ ਉਸਦੇ ਬਰਾਜੀਲ ਦੇ ਨਾਗਰਿਕ ਪਤੀ ਦੀ ਕੁੱਟ ਮਾਰ ਕਰਕੇ ਸਾਰਾ ਸਾਮਾਨ ਲੁੱਟ ਕੇ ਲੈ ਗਏ। ਇ ਦੇ ਬਾਵਜੂਦ ਭਾਰਤ ਵਿੱਚ ਇਸਤਰੀ ਦਿਵਸ ਮਨਾਇਆ ਜਾ ਰਿਹਾ ਹੈ। ਅਜਿਹੇ ਦਿਵਸ ਮਨਾਉਣ ਦਾ ਕੀ ਲਾਭ ਹੈ? ਜਦੋਂ ਔਰਤਾਂ ਸੁਰੱਖਿਅਤ ਹੀ ਨਹੀਂ ਹਨ। ਇਥੇ ਇਸਤਰੀਆਂ ਦੀ ਇੱਕ ਹੋਰ ਮਹੱਤਵਪੂਰਨ ਜ਼ਿੰਮੇਵਾਰੀ ਹੈ, ਜਿਥੇ ਉਹ ਆਪਣੀਆਂ ਧੀਆਂ ਨੂੰ ਜ਼ਿੰਦਗੀ ਜੀਣ ਅਤੇ ਸਮਾਜ ਵਿੱਚ ਵਿਚਰਨ ਦੀਆਂ ਨਸੀਹਤਾਂ ਦਿੰਦੀਆਂ ਹਨ, ਉਥੇ ਉਨ੍ਹਾਂ ਦੀ ਇਹ ਵੀ ਮਹੱਤਪੂਰਨ ਅਤੇ ਅਤਿ ਜ਼ਰੂਰੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਲੜਕਿਆਂ ਨੂੰ ਬਿਗਾਨੀਆਂ ਧੀਆਂ ਨੂੰ ਆਪਣੀਆਂ ਭੈਣਾਂ ਸਮਝਕੇ ਵਿਵਹਾਰ ਕਰਨ ਦੀ ਸਿਖਿਆ ਦੇਣ। ਜੇਕਰ ਸਾਡੇ ਲੜਕੇ ਧੀਆਂ ਭੈਣਾ ਦੀ ਇੱਜ਼ਤ ਕਰਨ ਦਾ ਗੁਣ ਆਪਣੀਆਂ ਮਾਵਾਂ ਭੈਣਾਂ ਤੋਂ ਲੈ ਕੇ ਸਮਾਜ ਵਿੱਚ ਵਿਚਰਨਗੇ ਤਾਂ ਧੀਆਂ ਸੁਰੱਖਿਅਤ ਰਹਿਣਗੀਆਂ। ਇੱਕ ਹੋਰ ਮਹੱਤਵਪੂਰਨ ਨੁਕਤਾ ਵਿਚਾਰਨ ਯੋਗ ਹੈ, ਜੇਕਰ ਇਸਤਰੀਆਂ ਆਪਣੇ ਲੜਕਿਆਂ ਲਈ ਦਾਜ ਮੰਗਣ ਦੀ ਲਾਲਸਾ ਤੋਂ ਛੁਟਕਾਰਾ ਪਾ ਲੈਣ ਤਾਂ ਵੀ ਲੜਕੀਆਂ ਦੇ ਪੈਦਾ ਹੋਣ ਨੂੰ ਬੁਰਾ ਨਹੀਂ ਸਮਝਿਆ ਜਾਵੇਗਾ। ਦਾਜ ਦੀ ਲਾਹਣਤ ਨੇ ਲੜਕੀਆਂ ਦਾ ਜਿਉਣਾ ਦੁਭਰ ਕੀਤਾ ਹੋਇਆ ਹੈ। ਦਾਜ ਦੇਣਾ ਅਤੇ ਲੈਣਾ ਦੋਵੇਂ ਬੰਦ ਹੋਣੇ ਜ਼ਰੂਰੀ ਹਨ, ਇਨ੍ਹਾਂ ਨੂੰ ਬੰਦ ਕਰਨ ਲਈ ਵੀ ਮਰਦ ਅਤੇ ਔਰਤ ਦੋਵੇਂ ਰਲ ਕੇ ਯੋਗਦਾਨ ਪਾ ਸਕਦੇ ਹਨ।
ਅਸਲ ਵਿੱਚ ਸਾਡੇ ਸਮਾਜ ਨੂੰ ਇਸਤਰੀਆਂ ਬਾਰੇ ਆਪਣੀ ਸੋਚ ਬਦਲਣ ਦੀ ਲੋੜ ਹੈ। ਇਕ ਪਾਸੇ ਸਮਾਜ ਇਸਤਰੀਆਂ ਨੂੰ ਸਮਾਜਿਕ ਤਾਣੇ ਬਾਣੇ ਵਿੱਚ ਵਿਚਰਨ ਸਮੇਂ ਸੁਰੱਖਿਅਤ ਨਹੀਂ ਸਮਝਦਾ, ਦੂਜੇ ਪਾਸੇ ਉਨ੍ਹਾਂ ਨੂੰ ਅਸੁਰੱਖਿਅਤ ਬਣਾਉਣ ਵਿੱਚ ਖੁਦ ਜ਼ਿੰਮੇਵਾਰ ਹੈ। ਇਸਤਰੀ ਅਤੇ ਮਰਦ ਦੋਵੇਂ ਇਸਤਰੀਆਂ ਦੀ ਅਜਿਹੀ ਦੁਰਦਸ਼ਾ ਬਣਾਉਣ ਦੇ ਜ਼ਿੰਮੇਵਾਰ ਹਨ। ਜਦੋਂ ਬੱਚੀ ਪੈਦਾ ਹੁੰਦੀ ਹੈ ਤਾਂ ਕਈ ਵਾਰ ਮਾਂ ਅਤੇ ਦਾਦੀ ਦੋਵੇਂ ਅਤੇ ਕਈ ਵਾਰ ਪਿਤਾ ਅਤੇ ਦਾਦਾ ਬੱਚੀ ਨੂੰ ਪੱਥਰ ਕਹਿੰਦੇ ਹਨ। ਜਿਤਨੀ ਦੇਰ ਮਰਦ ਅਤੇ ਔਰਤ ਆਪਣੀ ਸੋਚ ਨਹੀਂ ਬਦਲਦੇ ਉਤਨੀ ਦੇਰ ਇਸਤਰੀਆਂ ਦਾ ਮਾਣ ਸਨਮਾਨ ਬਰਕਰਾਰ ਨਹੀਂ ਰੱਖਿਆ ਜਾ ਸਕਦਾ। ਔਰਤ ਹੀ ਔਰਤ ਦੀ ਦੁਸ਼ਮਣ ਸਾਬਤ ਹੋ ਰਹੀ ਹੈ। ਵਿਆਹੀਆਂ ਵਰ੍ਹੀਆਂ ਔਰਤਾਂ ਵਿਆਹੇ ਵਰ੍ਹੇ ਮਰਦਾਂ ਨਾਲ ਅਖੌਤੀ ਪਿਆਰ ਦੇ ਚਕਰ ਵਿੱਚ ਪੈ ਕੇ ਲੋਕਾਂ ਦੇ ਪਰਿਵਾਰਿਕ ਜੀਵਨ ਖਰਾਬ ਕਰ ਰਹੀਆਂ ਹਨ। ਇਹ ਵੀ ਆਮ ਖ਼ਬਰਾਂ ਸਣਨ ਨੂੰ ਆ ਰਹੀਆਂ ਹਨ ਕਿ ਇਸਤਰੀਆਂ ਘਰਾਂ ਵਿੱਚ ਸੁਰੱਖਿਅਤ ਨਹੀਂ ਹਨ, ਜਦੋਂ ਉਹ ਘਰਾਂ ਵਿੱਚ ਹੀ ਸੁਰੱਖਿਅਤ ਨਹੀਂ ਹਨ ਤਾਂ ਬਾਹਰ ਕਿਵੇਂ ਸੁਰੱਖਿਅਤ ਰਹਿ ਸਕਦੀਆਂ ਹਨ। ਇਸ ਲਈ ਮਰਦਾਂ ਨੂੰ ਇਸਤਰੀਆਂ ਨਾਲ ਬਲਾਤਕਾਰ ਵਰਗੇ ਘਿਨਾਉਣੇ ਕੰਮ ਕਰਨ ਸਮੇਂ ਆਪਣੀਆਂ ਮਾਵਾਂ ਧੀਆਂ ਬਾਰੇ ਸੋਚਣਾ ਚਾਹੀਦਾ ਹੈ ਕਿਉਂਕਿ ਜੇਕਰ ਉਹ ਬਿਗਾਨੀਆਂ ਇਸਤਰੀਆਂ ਨਾਲ ਅਜਿਹਾ ਕੰਮ ਕਰਦੇ ਹਨ ਤਾਂ ਉਨ੍ਹਾਂ ਦੀਆਂ ਮਾਵਾਂ ਧੀਆਂ ਕਿਵੇਂ ਸੁਰੱਖਿਅਤ ਰਹਿ ਸਕਦੀਆਂ ਹਨ। ਦੂਜੇ ਔਰਤਾਂ ਨੂੰ ਵੀ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ, ਬੱਚੀਆਂ ਵਿੱਚ ਬਚਪਨ ਤੋਂ ਹੀ ਅਸੁਰੱਖਿਅਤ ਭਾਵਨਾ ਪੈਦਾ ਕਰਨ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਸਗੋਂ ਬੱਚੀਆਂ ਵਿੱਚ ਦਲੇਰੀ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਹੁਣ ਜ਼ਮਾਨਾ ਬਦਲ ਗਿਆ ਹੈ, ਜੇਕਰ ਬੱਚੀਆਂ ਮਰਦਾਂ ਦੀਆਂ ਹਰਕਤਾਂ ਦਾ ਪਾਜ ਉਘੇੜਨਗੀਆਂ ਤਾਂ ਸਮਾਜ ਉਨ੍ਹਾਂ ਦਾ ਸਾਥ ਦੇਵੇਗਾ। ਇਸ ਦੇ ਨਾਲ ਹੀ ਇਸਤਰੀਆਂ ਨੂੰ ਆਜ਼ਾਦੀ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ। ਆਜ਼ਾਦੀ ਗ਼ਲਤ ਕੰਮ ਕਰਨ ਦੀ ਪ੍ਰੇਰਨਾ ਨਹੀਂ ਦਿੰਦੀ ਸਗੋਂ ਆਜ਼ਾਦੀ ਬੇਖ਼ੌਫ਼ ਆਪਣਾ ਜੀਵਨ ਬਸਰ ਕਰਨ ਅਤੇ ਮਰਦ ਦੇ ਬਰਾਬਰ ਦਾ ਦਰਜਾ ਦਿੰਦੀ ਹੈ। ਬਰਾਬਰਤਾ ਦੇ ਗ਼ਲਤ ਅਰਥ ਵੀ ਨਹੀਂ ਕੱਢਣੇ ਚਾਹੀਦੇ। ਸੰਜਮ ਤੋਂ ਕੰਮ ਲੈਣਾ ਪਵੇਗਾ। ਇਸਤਰੀਆਂ ਨੂੰ ਕਿਸੇ ਵੀ ਕਿਸਮ ਦੀ ਖੁਲ੍ਹ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ । ਔਰਤ ਅਤੇ ਮਰਦ ਇਕ ਦੂਜੇ ਦੇ ਪੂਰਕ ਹਨ, ਵਿਰੋਧੀ ਨਹੀਂ। ਲੜਕੀਆਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਨੌਜਵਾਨ ਲੜਕੇ ਸੁਨਹਿਰੇ ਸਪਨੇ ਵਿਖਾਉਂਦੇ ਹਨ। ਇਸ ਮੰਤਵ ਲਈ ਉਹ ਕਾਰਾਂ, ਕੋਠੀਆਂ ਅਤੇ ਹੋਰ ਲੁਭਾਉਣੀਆਂ ਚੀਜ਼ਾਂ ਵਿਖਾ ਕੇ ਆਪਣੇ ਮਗਰ ਲਗਾਉਣ ਦੀ ਕੋਸ਼ਿਸ਼ ਕਰਦੇ ਹਨ। ਲੜਕੀਆਂ ਨੂੰ ਅਜਿਹੀਆਂ ਚਾਲਾਂ ਤੋਂ ਬਚਕੇ ਰਹਿਣਾ ਚਾਹੀਦਾ ਹੈ। ਅਜਿਹੇ ਲੋਕਾਂ ਦੀਆਂ ਗੁਮਰਾਹਕੁਨ ਚਾਲਾਂ ਦਾ ਡੱਟਕੇ ਬਹਾਦਰੀ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਆਜ਼ਾਦੀ ਨਾਲ ਪ੍ਰੇਮ ਸੰਬੰਧ ਬਣਾਉਣ ਦਾ ਭਾਵ ਇਹ ਨਹੀਂ ਕਿ ਬਿਨਾਂ ਤੱਥਾਂ ਦੀ ਪੜਤਾਲ ਕੀਤਿਆਂ ਕੋਈ ਕਦਮ ਚੁਕਿਆ ਜਾਵੇ। ਹਰ ਕਦਮ ਮਰਿਆਦਾ ਵਿੱਚ ਰਹਿੰਦਿਆਂ ਕਰਨਾ ਚਾਹੀਦਾ ਹੈ। ਲੜਕੀਆਂ ਨੂੰ ਪਹਿਰਾਵਾ ਵੀ ਆਪਣੀ ਮਰਜੀ ਦਾ ਪਹਿਨਣ ਦੀ ਆਜ਼ਾਦੀ ਹੈ ਪ੍ਰੰਤੂ ਉਸ ਆਜ਼ਾਦੀ ਦਾ ਕੁਝ ਨਿਯਮਾ ਅਨੁਸਾਰ ਪਾਲਣ ਕਰਨਾ ਚਾਹੀਦਾ ਹੈ। ਇਸਤਰੀ ਦਾ ਸਰੀਰ ਕੋਈ ਪ੍ਰਦਰਸ਼ਨੀ ਕਰਨ ਵਾਲੀ ਵਸਤੂ ਨਹੀਂ। ਅਖ਼ਬਾਰਾਂ ਵਿੱਚ ਇਸਤਰੀਆਂ ਦੇ ਪ੍ਰਚਾਰ ਲਈ ਅਜਿਹੇ ਇਸ਼ਤਿਹਾਰ ਵੇਖਣ ਨੂੰ ਮਿਲਦੇ ਹਨ, ਜਿਨ੍ਹਾਂ ਨੂੰ ਵੇਖ ਕੇ ਸ਼ਰਮਿੰਦਾ ਹੋਣਾ ਪੈਂਦਾ ਹੈ। ਇਸ ਲਈ ਲੜਕੀਆਂ ਨੂੰ ਸਰੀਰਕ ਪ੍ਰਦਰਸ਼ਨ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਫਿਲਮਾਂ ਵਿੱਚ ਵੀ ਨੰਗੇਜ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਲੜਕੀਆਂ ਦੇ ਫਿਲਮਾ ਅਤੇ ਇਸ਼ਤਿਹਾਰਾਂ ਲਈ ਕੰਮ ਕਰਨ ਵਿੱਚ ਕੋਈ ਹਰਜ ਨਹੀਂ ਪ੍ਰੰਤੂ ਸੁਚੱਜਾ ਪਹਿਰਾਵਾ ਪਾਉਣਾ ਜ਼ਰੂਰੀ ਹੈ। ਜੋ ਸਭਿਅਕ ਸਮਾਜ ਵਿੱਚ ਚੰਗਾ ਨਹੀਂ ਲਗਦਾ, ਉਸ ਨੂੰ ਪਹਿਨਣ ਤੋਂ ਗੁਰੇਜ ਕਰਨ ਵਿੱਚ ਹੀ ਭਲਾ ਹੈ। ਔਰਤ ਸਹਿਜਤਾ, ਸੰਜਮ ਅਤੇ ਸਿਆਣਪ ਦੀ ਮੂਰਤ ਹੁੰਦੀ ਹੈ। ਜਿਵੇਂ ਇਨਸਾਨ ਹਰ ਕੰਮ ਕਿਸੇ ਮਾਪ ਦੰਡ ਨਾਲ ਕਰਦਾ ਹੈ, ਉਸੇ ਤਰ੍ਹਾਂ ਲੜਕੀਆਂ ਨੂੰ ਵੀ ਲੜਕਿਆਂ ਦੀ ਚੋਣ ਕਰਨ ਸਮੇਂ ਕਾਇਦੇ ਕਾਨੂੰਨ ਅਨੁਸਾਰ ਕਦਮ ਚੁਕਣਾ ਚਾਹੀਦਾ ਹੈ। ਭਾਵਨਾਵਾਂ ਵਿੱਚ ਵਹਿਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਭਾਵਨਾਵਾਂ ਵਿੱਚ ਵਹਿਣ ਸਮੇਂ ਵੀ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਜਲਦਬਾਜੀ ਵਿੱਚ ਕੋਈ ਅਜਿਹਾ ਕਦਮ ਨਹੀਂ ਚੁਕਣਾ ਚਾਹੀਦਾ ਜਿਸ ਬਾਰੇ ਬਾਅਦ ਵਿੱਚ ਪਛਤਾਉਣਾ ਪਵੇ।

## ਸ਼ਿਵਰਾਤਰੀ ਵਾਲੇ ਦਿਨ ਭੋਲੇਨਾਥ ਨੂੰ ਕਰੋ ਬੇਲ ਪੱਤਰ ਅਰਪਣ। ਭੋਲ਼ੇ ਬਾਬਾ ਹੋਣਗੇ ਪ੍ਰਸੰਨ।

### 8 ਮਾਰਚ ਸ਼ਿਵਰਾਤਰੀ ਤੇ ਵਿਸ਼ੇਸ਼।

ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ

ਭਗਵਾਨ ਸ਼ਿਵ ਭੋਲੇ ਨਾਥ ਨੂੰ ਬੇਲ ਪੱਤਰ ਕਿਉਂ ਚੜ੍ਹਾਇਆ ਜਾਂਦਾ ਹੈ ?



ਸ਼ਿਵਰਾਤਰੀ ਵਾਲੇ ਦਿਨ ਅਤੇ ਸਾਵਣ ਦੇ ਮਹੀਨੇ ਭਗਵਾਨ ਸ਼ਿਵ ਨੂੰ ਨਿਯਮਿਤ ਰੂਪ ਨਾਲ ਬੇਲ ਪੱਤਰ ਚੜ੍ਹਾਉਣ ਨਾਲ ਭਗਵਾਨ ਸ਼ਿਵ ਦੀ ਕਿਰਪਾ ਪ੍ਰਾਪਤ ਹੁੰਦੀ ਹੈ। ਆਓ ਤੁਹਾਨੂੰ ਦੱਸਦੇ ਹਾਂ ਕਿ ਭਗਵਾਨ ਸ਼ਿਵ ਨੂੰ ਬੇਲ ਪੱਤਰ ਕਿਉਂ ਪਸੰਦ ਹੈ ਅਤੇ ਬੇਲ ਪੱਤਰ ਚੜ੍ਹਾਉਣ ਦੇ ਕੀ ਨਿਯਮ ਹਨ?

ਸ਼ਿਵਰਾਤਰੀ ਵਾਲੇ ਦਿਨ ਅਤੇ ਸਾਵਣ ਦੇ ਮਹੀਨੇ 'ਚ ਸ਼ਿਵ ਭਗਤ ਪੂਰਾ ਮਹੀਨਾ ਵੱਖ-ਵੱਖ ਤਰੀਕਿਆਂ ਨਾਲ ਭਗਵਾਨ ਸ਼ਿਵ ਦੀ ਪੂਜਾ ਕਰਦੇ ਹਨ। ਭਗਤ ਸ਼ਿਵ ਮੰਦਰਾਂ ਵਿੱਚ ਜਾਂਦੇ ਹਨ ਅਤੇ ਭਗਵਾਨ ਸ਼ਿਵ ਨੂੰ ਪਿਆਰੀਆਂ ਚੀਜ਼ਾਂ ਭੇਟ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਭਗਵਾਨ ਸ਼ਿਵ ਦੀ ਇੱਕ ਅਜਿਹੀ ਪਸੰਦੀਦਾ ਵਸਤੂ ਹੈ ਬੇਲ ਪੱਤਰ। ਅਜਿਹਾ ਮੰਨਿਆ ਜਾਂਦਾ ਹੈ ਕਿ ਸਾਵਣ ਦੇ ਮਹੀਨੇ ਭਗਵਾਨ ਸ਼ਿਵ ਨੂੰ ਸ਼ਿਵਰਾਤਰੀ 'ਤੇ ਬੇਲ ਪੱਤਰ ਚੜ੍ਹਾਉਣ ਨਾਲ ਭਗਵਾਨ ਸ਼ਿਵ ਦੀ ਕਿਰਪਾ ਦੀ ਪ੍ਰਾਪਤੀ ਹੁੰਦੀ ਹੈ। ਆਓ, ਅਸੀਂ ਤੁਹਾਨੂੰ ਦੱਸਦੇ ਹਾਂ ਕਿ ਭਗਵਾਨ ਸ਼ਿਵ ਨੂੰ ਬੇਲ ਪੱਤਰ ਕਿਉਂ ਪਸੰਦ ਹੈ ਅਤੇ ਬੇਲ ਪੱਤਰ ਚੜ੍ਹਾਉਂਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਬੇਲ ਪੱਤਰ ਦੇ ਤਿੰਨ ਪੱਤੇ ਇਕੱਠੇ ਹੁੰਦੇ ਹਨ ਇਸ ਲਈ ਇਨ੍ਹਾਂ ਤਿੰਨਾਂ ਪੱਤੀਆਂ ਨੂੰ ਤ੍ਰਿਦੇਵ ਮੰਨਿਆ ਜਾਂਦਾ ਹੈ ਅਤੇ ਕਈਆਂ ਦਾ ਮੰਨਣਾ ਹੈ ਕਿ ਤਿੰਨੇ ਪੱਤੇ ਮਹਾਦੇਵ ਦੇ ਤ੍ਰਿਸ਼ੂਲ ਨੂੰ ਦਰਸਾਉਂਦੇ ਹਨ। ਮਾਨਤਾ ਹੈ ਕਿ ਸ਼ਿਵਲਿੰਗ 'ਤੇ ਬੇਲਪੱਤਰ ਦੀਆਂ ਤਿੰਨ ਜੁੜੀਆਂ ਹੋਈਆਂ ਪੱਤੀਆਂ ਚੜ੍ਹਾਉਣ ਨਾਲ ਭਗਵਾਨ ਸ਼ਿਵ ਨੂੰ ਸ਼ਾਂਤੀ ਮਿਲਦੀ ਹੈ ਅਤੇ ਭਗਵਾਨ ਸ਼ਿਵ ਪ੍ਰਸੰਨ ਹੁੰਦੇ ਹਨ।

ਪੁਰਾਣਿਕ ਕਥਾ ਦੇ ਅਨੁਸਾਰ, ਇੱਕ ਸਮਾਂ ਸੀ ਜਦੋਂ ਦੇਵੀ ਪਾਰਵਤੀ ਦੇ ਮੱਥੇ ਤੋਂ ਪਸੀਨੇ ਦੀਆਂ ਕੁਝ ਬੂੰਦਾਂ ਪਰਬਤ 'ਤੇ ਡਿੱਗੀਆਂ ਸਨ। ਪਾਰਵਤੀ ਜੀ ਦੇ ਪਸੀਨੇ ਦੀ ਉਸ ਬੂੰਦ ਤੋਂ ਬੇਲ ਦਾ ਰੁੱਖ ਪੈਦਾ ਹੋਇਆ ਸੀ। ਇਹ ਮੰਨਿਆ ਜਾਂਦਾ ਹੈ ਕਿ ਬੇਲ ਪੱਤਰ ਰੁੱਖ ਦੀ ਜੜ੍ਹ ਵਿੱਚ ਗਿਰਿਜਾ, ਤਣੇ ਵਿੱਚ ਮਹੇਸ਼ਵਰੀ, ਟਾਹਣੀ ਵਿੱਚ ਦਕਸ਼ਯਾਨੀ, ਪੱਤੇ ਵਿੱਚ ਪਾਰਵਤੀ ਅਤੇ ਫੁੱਲ ਵਿੱਚ ਗੌਰੀ ਦਾ ਨਿਵਾਸ ਹੁੰਦਾ ਹੈ। ਇਸੇ ਲਈ ਸ਼ੰਕਰ ਜੀ ਬੇਲਪਾਤਰਾ ਨੂੰ ਪਿਆਰ ਕਰਦੇ ਹਨ। ਇਸ ਤੋਂ ਇਲਾਵਾ, ਇਹ ਮੰਨਿਆ ਜਾਂਦਾ ਹੈ ਕਿ ਸਾਰੇ ਤੀਰਥ ਬੇਲ ਪੱਤਰ ਦੇ ਮੂਲ ਹਿੱਸੇ ਵਿੱਚ ਸਥਿਤ ਹਨ। ਭਗਵਾਨ ਸ਼ਿਵ ਨੂੰ ਬੇਲ ਪੱਤਰ ਚੜ੍ਹਾਉਣ ਨਾਲ ਸਾਰੇ ਤੀਰਥਾਂ ਦੀ ਯਾਤਰਾ ਦਾ ਪੁੰਨ ਪ੍ਰਾਪਤ ਹੁੰਦਾ ਹੈ।

ਭਗਵਾਨ ਸ਼ਿਵ ਨੂੰ ਬੇਲ ਪੱਤਰ ਚੜ੍ਹਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ ਕਿ ਸਿਰਫ ਤਿੰਨ ਪੱਤੀਆਂ ਵਾਲੇ ਬੇਲ ਪੱਤਰ ਹੀ ਭਗਵਾਨ ਨੂੰ ਚੜ੍ਹਾਇਆ ਜਾਵੇ।

ਬੇਲ ਪੱਤਰ ਨੂੰ ਕਦੇ ਵੀ ਅਪਵਿੱਤਰ ਨਹੀਂ ਮੰਨਿਆ ਜਾਂਦਾ ਹੈ। ਭਗਵਾਨ ਸ਼ਿਵ ਨੂੰ ਚੜ੍ਹਾਏ ਗਏ ਬੇਲ ਦੇ ਪੱਤੇ ਨੂੰ ਧੋ ਕੇ ਦੁਬਾਰਾ ਚੜ੍ਹਾਇਆ ਜਾ ਸਕਦਾ ਹੈ।

ਸ਼ਿਵ ਲਿੰਗ 'ਤੇ ਬੇਲ ਪੱਤਰ ਚੜ੍ਹਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਬੇਲ ਪੱਤਰ ਉਸ ਪਾਸੇ ਤੋਂ ਚੜ੍ਹਾਇਆ ਜਾਵੇ ਜਿਸ ਪਾਸੇ ਤੋਂ ਬੇਲ ਪੱਤਰ ਦੀ ਸਤਹ ਕੂਲੀ ਹੋਵੇ। ਆਮ ਤੌਰ ਤੇ ਇਹ ਬੇਲ ਪੱਤਰ ਉਲਟਾ ਕਰਕੇ ਚੜ੍ਹਾਇਆ ਜਾਂਦਾ ਹੈ।ਸ਼ਿਵ ਲਿੰਗ 'ਤੇ ਬੇਲਪੱਤਰ ਚੜ੍ਹਾਉਣ ਲਈ ਮੁੰਦਰੀ ਅਨਾਮਿਕਾ, ਵਿਚਕਾਰਲੀ ਉਂਗਲੀ ਅਤੇ ਅੰਗੂਠੇ ਦੀ ਵਰਤੋਂ ਕਰਨੀ ਚਾਹੀਦੀ ਹੈ। ਸ਼ਿਵ ਜੀ ਨੂੰ ਬੇਲ ਪੱਤਰ ਚੜ੍ਹਾਉਂਦੇ ਸਮੇਂ ਜਲ ਦੀ ਧਾਰਾ ਨਾਲ ਸ਼ਿਵ ਲਿੰਗ ਦਾ ਅਭਿਸ਼ੇਕ ਕਰਨਾ ਚਾਹੀਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਸੋਮਵਾਰ ਨੂੰ ਬੇਲ ਦੇ ਪੱਤੇ ਨਹੀਂ ਤੋੜਣੇ ਚਾਹੀਦੇ। ਸੋਮਵਾਰ ਨੂੰ ਸ਼ੰਕਰ ਜੀ ਨੂੰ ਬੇਲ ਪੱਤਰ ਚੜ੍ਹਾਉਣ ਲਈ ਇਸ ਨੂੰ ਇੱਕ ਦਿਨ ਪਹਿਲਾਂ ਤੋੜਨਾ ਚਾਹੀਦਾ ਹੈ।

# ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ







ਸਮਾਜਕ ਜੀਵਨ ਵਿਚ ਇਸਤਰੀ ਦਾ ਮਹੱਤਵਪੂਰਨ ਸਥਾਨ ਹੈ। ਪਰਿਵਾਰਕ ਜੀਵਨ ਉਸ ਤੋਂ ਬਿਨਾਂ ਸੁਚਾਰੂ ਢੰਗ ਨਾਲ ਨਹੀਂ ਚੱਲ ਸਕਦਾ। ਉਹ ਮਾਨਵ ਜੀਵਨ ਦੀ ਕਰਤਾ ਹੈ। ਉਸ ਨੇ ਆਦਿ ਕਾਲ ਤੋਂ ਮਾਨਵੀ ਜਾਤੀ ਨੂੰ ਪਾਲਿਆ, ਪੋਸਿਆ, ਸਵਾਰਿਆ ਤੇ ਗੁਣਾਂ ਨਾਲ ਭਰਪੂਰ ਕੀਤਾ। ਇਸਤੋਂ ਇਲਾਵਾ ਸੰਗੀਤ, ਚਿੱਤਰਕਾਰੀ ਆਦਿ ਕੋਮਲ ਕਲਾਵਾਂ ਦੀ ਮੂਲ ਪ੍ਰੇਰਕ ਇਸਤਰੀ ਹੀ ਰਹੀ ਹੈ। ਪਰ ਸ਼ੁਰੂ ਤੋਂ ਹੀ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਜਾਤੀ ਨਾਲ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਆਦਿ ਕਾਲ ਤੋਂ ਹੀ ਔਰਤ ਨੂੰ ਘਿਰਣਾ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਰਿਹਾ ਹੈ। ਮਰਦ ਕੋਲ ਸਾਰੀਆਂ ਆਰਥਿਕ ਸ਼ਕਤੀਆਂ ਸਨ ਜਿਸ ਦੇ ਫਲਸਰੂਪ ਸਮਾਜਕ ਉਚਤਾ ਅਤੇ ਨੌਕਰੀਆਂ ਉਤੇ ਕੇਵਲ ਮਰਦ ਹੀ ਪ੍ਰਧਾਨ ਰਿਹਾ ਹੈ। ਆਪਣੀਆਂ ਸਭ ਪ੍ਰਕਾਰ ਦੀਆਂ ਕਮਜ਼ੋਰੀਆਂ ਨੂੰ ਛੁਪਾਉਣ ਲਈ ਉਹ ਸਭ ਦੋਸ਼ ਔਰਤ ਦੇ ਸਿਰ 'ਤੇ ਮੜ੍ਹਦਾ ਰਿਹਾ ਹੈ। ਗ੍ਰਿਹਸਥ ਧਰਮ ਤੋਂ ਭਗੌੜੇ ਸਿੱਧ, ਨਾਥ, ਜੋਗੀ, ਸੰਨਿਆਸੀ ਸਾਧੂ ਬੈਰਾਗੀ ਆਦਿ ਸਾਰੇ ਔਰਤ ਨੂੰ ਮੰਦ ਭਾਵਨਾ ਨਾਲ ਹੀ ਵੇਖਦੇ ਰਹੇ ਹਨ।

ਦੂਜਾ ਔਰਤ ਦੇ ਸਮਾਨਾਰਥਕ ਸ਼ਬਦਾਂ ਦੇ ਅਰਥ ਅਜਿਹੇ ਹਨ ਜਿਹੜੇ ਲੋਕਮਨ ਲਈ ਪ੍ਰਵਾਨ ਕਰਨੇ ਮੁਸ਼ਕਿਲ ਹਨ ਜਾਂ ਔਰਤ ਜਾਤ ਲਈ ਜਾਣ ਬੁੱਝ ਕੇ ਹੀ ਅਜਿਹੇ ਸ਼ਬਦ ਨਿਸ਼ਚਿਤ ਕੀਤੇ ਗਏ ਹਨ। ਔਰਤ ਦੇ ਸਮਾਨਾਰਥਕ ਇਸਤਰੀ, ਰੰਨ, ਵਹੁਟੀ, ਵਨਿਤਾ, ਵਧੂ, ਬੀਵੀ, ਬੇਗ਼ਮ, ਤੀਵੀਂ, ਤ੍ਰੀਮਤ, ਤ੍ਰਿਆ, ਨਾਰੀ, ਜ਼ਨ, ਜ਼ਨਾਨੀ, ਜ਼ੋਰੂ, ਮਹਿਲਾ, ਦੁਲਹਨ, ਭਾਰਯਾ ਆਦਿ ਸ਼ਬਦ ਵਰਤੇ ਜਾਂਦੇ ਹਨ। ਇਹਨਾਂ ਸ਼ਬਦਾਂ ਦੇ ਅਰਥ ਵੀ ਤਿਆਗਣਯੋਗ ਤੇ ਘ੍ਰਿਣਤ ਹਨ। ਮਹਾਨ ਕੋਸ਼ ਅਨੁਸਾਰ ਔਰਤ ਤੋਂ ਭਾਵ ਹੈ ਉਹ ਚੀਜ਼ ਜੋ ਛੁਪਾਉਣ (ਲੁਕੌਣ) ਲਾਇਕ ਹੋਵੇ। ਨਾਰੀ ਤੋਂ ਭਾਵ ਹੈ ਅੱਗ, ਅਗਨੀ, ਆਤਿਸ਼, ਦੋਜ਼ਖ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਨਾਰੀ ਦਾ ਅਰਥ ਹੈ ਨਾਰ (ਅੱਗ) ਤੋਂ ਬਣਿਆ ਹੋਇਆ ਸ਼ੈਤਾਨ। ਔਰਤ ਨਾਲ ਸੰਬੰਧਤ ਸਾਰੇ ਸ਼ਬਦਾਂ ਦੇ ਅਰਥ ਇਸੇ ਪ੍ਰਕਾਰ ਦੇ ਹਨ। ਸੁਭਾਵਿਕ ਹੈ ਜਿਸ ਵਰਤਾਰੇ ਦੇ ਸ਼ਬਦ ਤੇ ਅਰਥ ਘ੍ਰਿਣਾਯੋਗ ਹੋਣ ਲੋਕ ਸਮੂਹ ਉਸ ਦੀ ਹਾਮੀ ਭਰਨ ਦਾ ਚਾਹਵਾਨ ਨਹੀਂ ਹੁੰਦਾ।

ਮਨੋਵਿਗਿਆਨ ਦੇ ਮੋਢੀ ਸਿਗਮੰਡ ਫਰਾਇਡ ਅਤੇ ਕਾਰਲ ਯੁੰਗ ਨੇ ਮਨੁੱਖੀ ਸ਼ਖ਼ਸੀਅਤ ਨੂੰ ਸਮਝਣ ਲਈ ਇਡ (Id) ਈਗੋ (Ego) ਤੇ ਸੁਪਰ ਈਗੋ (Super Ego) ਦੇ ਤਿੰਨ ਸੰਕਲਪ ਦਿੱਤੇ। ਮਨੁੱਖੀ ਮਨ ਦੇ ਇਹਨਾਂ ਤਿੰਨਾਂ ਭਾਗਾਂ ਦਾ ਸੰਬੰਧ ਕੁਝ ਬੁਨਿਆਦੀ ਪ੍ਰਵਿਰਤੀਆਂ ਨਾਲ ਹੈ। ਪਹਿਲਾ ਜੀਵਨਮੁਖ ਪ੍ਰਵਿਰਤੀਆਂ (Life Urges) ਅਤੇ ਦੂਜਾ ਮ੍ਰਿਤੂਮੁਖ ਪ੍ਰਵਿਰਤੀਆਂ (Death Urges)। ਯੂਨਾਨੀ ਮਿਥਿਹਾਸ ਵਿਚ ਜੀਵਨਮੁਖ ਪ੍ਰਵਿਰਤੀਆਂ ਲਈ ਈਰੋਜ਼ (Eros) ਅਤੇ ਮ੍ਰਿਤੂਮੁਖ ਪ੍ਰਵਿਰਤੀਆਂ ਲਈ ਥਾਨਾਟੋਜ਼ (Thanatos) ਸ਼ਬਦਾਂ ਦੀ ਵਰਤੋਂ ਕੀਤੀ ਗਈ। ਜੀਵਨਮੁਖ ਸ਼ਕਤੀਆਂ ਮਨੁੱਖੀ ਜੀਵਨ ਦੀ ਸੁਰੱਖਿਆ ਕਰਦੀਆਂ ਹਨ ਤੇ ਮ੍ਰਿਤੂਮੁਖ ਪ੍ਰਵਿਰਤੀਆਂ ਦਾ ਉਦੇਸ਼ ਮਾਰਨਾ ਤੇ ਨਸ਼ਟ ਕਰਨਾ ਹੁੰਦਾ ਹੈ। ਇਹਨਾਂ ਦੋਹਾਂ ਪ੍ਰਵਿਰਤੀਆਂ ਦੀ ਕਸ਼ਮਕਸ਼ ਸਾਰੀ ਉਮਰ ਚੱਲਦੀ ਰਹਿੰਦੀ ਹੈ ਤੇ ਜੇਕਰ ਮ੍ਰਿਤੂਮੁਖ ਪ੍ਰਵਿਰਤੀਆਂ ਭਾਰੂ ਹੋ ਜਾਣ ਤਾਂ ਈਰਖਾ, ਆਤਮਘਾਤ, ਕਤਲ ਆਦਿ ਉਤਪੰਨ ਹੁੰਦੇ ਹਨ।

ਫਰਾਇਡ ਮਨੁੱਖੀ ਮਨ ਦੇ ਤਿੰਨ ਭਾਗ ਮੰਨਦਾ ਹੈ: (1) ਸੁਚੇਤਨ (2) ਅਚੇਤਨ (3) ਅਰਧ ਚੇਤਨ। ਮਨੁੱਖ ਦੀਆਂ ਇੱਛਾਵਾਂ ਸਮਾਜਕ ਆਲੇ ਦੁਆਲੇ ਨਾਲ ਟਕਰਾਉਂਦੀਆਂ ਹਨ ਤੇ ਅਧੂਰੀਆਂ ਰਹਿ ਜਾਂਦੀਆਂ ਹਨ। ਇਹ ਇੱਛਾਵਾਂ ਉਸਦੇ ਅਵਚੇਤਨ ਵਿਚ ਪਈਆਂ ਹੁੰਦੀਆਂ ਹਨ। ਮਨ ਦਾ ਸਭ ਤੋਂ ਵੱਡਾ ਹਿੱਸਾ ਅਚੇਤਨ ਹੁੰਦਾ ਹੈ ਇਸ ਲਈ ਫਰਾਇਡ ਬਰਫ਼ ਦੇ ਤੋਦੇ ਦੀ ਉਦਾਹਰਨ ਦਿੰਦਾ ਹੈ। ਯੁੰਗ ਅਨੁਸਾਰ ਅਚੇਤਨ ਸਮੂਹਿਕ ਹੀ ਹੁੰਦਾ ਹੈ। ਸਮਾਜ ਵਿਚ ਰਹਿੰਦਾ ਵਿਅਕਤੀ ਸਮਾਜ ਦੇ ਸਾਂਝੇ ਤਜ਼ਰਬੇ ਵਿਚੋਂ ਗੁਜ਼ਰਦਾ ਹੈ। ਪੰਜਾਬੀਆਂ ਨੂੰ ਲੰਬੇ ਸਮੇਂ ਲਈ ਜੰਗਾਂ ਯੁੱਧਾਂ ਵਿਚੋਂ ਗੁਜ਼ਰਨਾ ਪਿਆ ਹੈ ਜਿਸ ਕਾਰਨ ਪੰਜਾਬੀਆਂ ਦੇ ਅਚੇਤਨ ਵਿਚ ਹਿੰਸਾ ਦਾ ਭਾਵ ਸਮੋਇਆ ਹੋਇਆ ਹੈ। ਸੁਭਾਵਿਕ ਹੈ ਕਿ ਜਦੋਂ ਕਿਸੇ ਵਰਤਾਰੇ ਨਾਲ ਲੰਮੇ ਸਮੇਂ ਤੱਕ ਲੋਕ ਸਮੂਹ ਜੁੜਿਆ ਰਹੇ ਤਾਂ ਉਹ ਵਰਤਾਰਾ ਜਾਂ ਉਸ ਨਾਲ ਜੁੜੇ ਸੰਕਲਪ, ਵਿਸ਼ਵਾਸ ਅਤੇ ਮਨੌਤਾਂ ਲੋਕਮਨ ਦਾ ਹਿੱਸਾ ਬਣ ਜਾਂਦੀਆਂ ਹਨ ਜਾਂ ਲੋਕ ਸਮੂਹ ਦੇ ਅਚੇਤਨ ਦਾ ਭਾਗ ਬਣਦੀਆਂ ਹਨ। ਵਾਸਤਵ ਵਿਚ ਲੋਕਮਨ ਦੀਆਂ ਅਕਾਂਖਿਆਵਾਂ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦੀਆਂ ਹਨ ਜਿਹੜੀਆਂ ਲੋਕ ਸਮੂਹ ਲਈ ਘਾਤਕ ਹੋ ਨਿਬੜਦੀਆਂ ਹਨ। ਲੋਕਧਾਰਾਈ ਵਰਤਾਰਿਆਂ ਵਿਚ ਲੜਕੀਆਂ ਨੂੰ ਬਿਗਾਨਾ ਧਨ ਸਮਝ ਕੇ, ਕਮਜ਼ੋਰ ਸਮਝ ਕੇ, ਬੋਝ ਸਮਝ ਕੇ ਅਤੇ ਅਪਵਿੱਤਰ ਸਮਝ ਕੇ ਅਸਵਿਕਾਰ ਕੀਤਾ ਜਾਂਦਾ ਰਿਹਾ ਹੈ। ਇਹੋ ਕਾਰਨ ਹੈ ਲੋਕਮਨ ਆਦਿ ਕਾਲ ਤੋਂ ਹੀ ਔਰਤ ਨੂੰ ਜਨਮ ਤੋਂ ਪਹਿਲਾਂ ਅਤੇ ਜਨਮ ਸਮੇਂ ਹੀ ਮਾਰ ਦੇਣ ਦਾ ਹਾਮੀ ਰਿਹਾ ਹੈ।

ਲੋਕਮਨ ਵਿਚ ਕਿਤੇ ਨਾ ਕਿਤੇ ਆਪਣੀ ਵਿਰਾਸਤ, ਇਤਿਹਾਸ, ਮਿਥਿਹਾਸ ਤੇ ਧਾਰਮਿਕ ਕਰਮਕਾਂਡ ਪਏ ਹਨ ਜਿਹੜੇ ਲੋਕਾਂ ਨੂੰ ਔਰਤ ਵਿਰੋਧੀ ਹੋਣ ਲਈ ਮਜਬੂਰ ਕਰਦੇ ਹਨ। ਜ਼ਿਆਦਾਤਰ ਧਾਰਮਿਕ ਗ੍ਰੰਥਾਂ ਵਿਚਲੇ ਉਪਦੇਸ਼ ਅਤੇ ਨਿਯਮ ਇਹ ਦਰਸਾਉਂਦੇ ਹਨ ਕਿ ਔਰਤ ਕੋਈ ਮਹਾਨ ਚੀਜ਼ ਨਹੀਂ ਅਤੇ ਲੋਕਮਨ ਦੀ ਪ੍ਰਵਿਰਤੀ ਧਾਰਮਿਕ ਹੋਣ ਕਰਕੇ ਅਜਿਹੇ ਉਪਦੇਸ਼ਾਂ ਨੂੰ ਜ਼ਿਆਦਾ ਮੰਨਿਆ ਜਾਂਦਾ ਹੈ। ਧਾਰਮਿਕ ਗ੍ਰੰਥਾਂ ਵਿਚ ਔਰਤ ਦੀ ਨੀਚਤਾ ਕੇਵਲ ਹਿੰਦੂਸਤਾਨ ਵਿਚ ਹੀ ਨਹੀਂ ਪੱਛਮ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਤਿਹਾਸਕ ਸੰਦਰਭ ਵਿਚ ਵੇਖੀਏ ਤਾਂ ਮਨੂੰ ਸਿਮ੍ਰਤੀ ਦੇ ਨਿਯਮਾਂ ਅਨੁਸਾਰ ਔਰਤ ਨੂੰ ਸ਼ੂਦਰ ਸਮਝਿਆ ਜਾਂਦਾ ਸੀ। ਉਸਨੂੰ ਵੇਦ ਮੰਤਰਾਂ ਦਾ ਪਾਠ ਕਰਨ ਤੇ ਸੁਣਨ ਦੀ ਆਗਿਆ ਨਹੀਂ ਸੀ, ਹਾਲਾਂਕਿ ਕੁਝ ਵੇਦ ਮੰਤਰ ਇਸਤਰੀਆਂ ਦੁਆਰਾ ਉਚਾਰਨ ਕੀਤੇ ਹੋਏ ਹਨ। ਮਹਾਂਭਾਰਤ ਦੇ ਨਾਇਕ ਪਾਂਡਵ ਪੰਜ ਭਰਾ ਸਨ। ਪਰ ਪਤਨੀ ਸਾਰਿਆਂ ਦੀ ਸਾਂਝੀ ਕੇਵਲ ਦ੍ਰੋਪਤੀ ਹੀ ਸੀ। ਪੰਜ ਭਰਾਵਾਂ ਦੇ ਘਰ ਇਕ ਔਰਤ ਦਾ ਵੱਸਣਾ, ਇਸਤਰੀ ਜਾਤੀ ਨਾਲ ਇਸ ਤੋਂ ਵੱਡੀ ਕੀ ਤ੍ਰਾਸਦੀ ਹੋ ਸਕਦੀ ਹੈ। ਫਿਰ ਪੰਜ ਭਰਾਵਾਂ ਦਾ ਸ਼ਰਾਬ ਪੀ ਕੇ ਜੂਆ ਖੇਡਣਾ ਤੇ ਜੂਏ ਵਿਚ ਆਪਣੀ ਪਤਨੀ ਵੀ ਹਾਰ ਜਾਣਾ, ਦੁਨੀਆਂ ਵਿਚ ਇਸ ਘਿਨਾਉਣੇ ਜ਼ੁਲਮ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਅਥਰਵ ਵੇਦ ਵਿਚ ਲਿਖਿਆ ਹੈ ਕਿ ਅਗਰ ਕਿਸੇ ਔਰਤ ਦੇ ਦਸ ਪਤੀ ਹੋਣ ਪ੍ਰੰਤੂ ਉਹਨਾਂ ਤੋਂ ਬਾਅਦ ਉਸਦਾ ਹੱਥ ਕੋਈ ਬ੍ਰਾਹਮਣ ਫੜ ਲਵੇ ਤਾਂ ਉਹ ਉਸੇ ਬ੍ਰਾਹਮਣ ਦੀ ਹੋਵੇਗੀ। ਰਮਾਇਣ ਤੁਲਸੀ ਦਾਸ ਵਿਚ ਲਿਖਿਆ ਹੈ ਕਿ ਇਸਤਰੀ ਦਾ ਹਿਰਦਾ ਸਾਰੇ ਕਪਟਾਂ, ਪਾਪਾਂ ਅਤੇ ਔਗੁਣਾਂ ਦੀ ਖਾਣ ਹੈ। ਇਸਤਰੀਆਂ ਸੁਭਾਅ ਤੋਂ ਗਿਆਨਹੀਨ ਅਤੇ ਮੂਰਖ ਹੁੰਦੀਆਂ ਹਨ। ਇਸਤਰੀ ਆਪਣੇ ਸੁਭਾਅ ਤੋਂ ਹੀ ਅਪਵਿੱਤਰ ਹੈ।

ਢੋਰ, ਪਸ਼ੂ, ਸ਼ੂਦਰ ਔਰ ਨਾਰੀ।

ਚਾਰੋਂ ਤਾੜਨ ਕੇ ਅਧਿਕਾਰੀ।

ਇਸਲਾਮ ਧਰਮ ਦੀ ਪੁਸਤਕ ਕੁਰਾਨ ਵਿਚ 3-3 ਜਾਂ 4-4 ਔਰਤਾਂ ਨਾਲ ਵਿਆਹ ਕਰਾਉਣਾ ਜਾਇਜ਼ ਹੈ। ਹਜ਼ਰਤ ਜ਼ੁਅਨੂਨ ਮਿਸ਼ਰੀ ਨੂੰ ਇਕ ਆਦਮੀ ਨੇ ਕਿਹਾ ਕਿ ਮੇਰੀ ਪਤਨੀ ਆਪ ਨੂੰ ਸਲਾਮ ਕਹਿੰਦੀ ਹੈ। ਆਪ ਨੇ ਕਿਹਾ ਔਰਤਾਂ ਦੇ ਸਲਾਮ ਸਾਨੂੰ ਨਾ ਪਹੁੰਚਾਇਆ ਕਰੋ। ਹਜ਼ਰਤ ਸਈਦਬਿਨ ਮਸੇਬ ਅਨੁਸਾਰ ਕੋਈ ਵੀ ਚੀਜ਼ ਔਰਤਾਂ ਨਾਲੋਂ ਵਧੇਰੇ ਖਤਰਨਾਕ ਨਹੀਂ। ਕੁਰਾਨ ਅਨੁਸਾਰ ਅੱਲਾ ਨੇ ਮਰਦ ਨੂੰ ਔਰਤ ਨਾਲੋਂ ਚੰਗਾ ਬਣਾਇਆ ਹੈ। ਔਰਤ ਨੂੰ ਮਸਜਿਦ ਦੇ ਅੰਦਰ ਜਾਣ ਦੀ ਮਨਾਹੀ ਹੈ ਕਿਉਂਕਿ ਔਰਤ ਅਪਵਿੱਤਰ ਹੈ। ਸੂਫ਼ੀ ਕਵੀ ਸੁਲਤਾਨ ਬਾਹੂ ਨੇ ਵੀ ਔਰਤ ਨੂੰ ਅਪਵਿੱਤਰ ਮੰਨਿਆ ਹੈ ਤੇ ਕਿਹਾ ਹੈ ਕਿ ਔਰਤ ਦੋਜ਼ਖ਼ ਦੇ ਸਮਾਨ ਹੈ।

ਇਹ ਦੁਨੀਆ ਜ਼ਨ ਹੈਜ਼ ਪਲੀਦੀ

ਹਰਗਿਜ਼ ਪਾਕ ਨਾ ਥੀਵੇ ਹੂ॥

ਸਿੱਧਾਂ ਨੇ ਇਸਤਰੀ ਨੂੰ ਭੋਗ ਵਿਲਾਸ ਦੀ ਵਸਤੂ ਸਮਝਿਆ ਹੈ। ਜੈਨ ਧਰਮ ਅਨੁਸਾਰ ਇਸਤਰੀਆਂ ਸੜਕ ਦੇ ਕਿਨਾਰੇ ਤੇ ਜਗਾਉਣ ਵਾਲੇ ਉਹ ਦੀਵੇ ਹਨ ਜੋ ਨਰਕ ਦਾ ਮਾਰਗ ਦਿਖਾਉਂਦੇ ਹਨ। ਜੈਨ ਧਰਮ ਵਿਚ ਇਸਤਰੀ ਨੂੰ ਬੰਧਨ, ਮਾਇਆ, ਸਰਪਣੀ ਆਦਿ ਕਿਹਾ ਗਿਆ ਹੈ ਅਤੇ ਇਹ ਵੀ ਜ਼ਿਕਰ ਕੀਤਾ ਹੈ ਕਿ ਇਸਤਰੀ ਦੀ ਮੁਕਤੀ ਨਹੀਂ ਹੁੰਦੀ ਉਹ ਪੁਰਸ਼ ਦਾ ਜਨਮ ਧਾਰ ਕੇ ਹੀ ਮੁਕਤੀ ਪ੍ਰਾਪਤ ਕਰ ਸਕਦੀ ਹੈ। ਮਹਾਤਮਾ ਬੁੱਧ ਵੀ ਇਸਤਰੀ ਨੂੰ ਆਪਣੇ 'ਸੰਘ' ਵਿਚ ਸ਼ਾਮਿਲ ਕਰਨ ਦੇ ਹੱਕ ਵਿਚ ਨਹੀਂ ਸਨ। ਗੋਰਖ ਨਾਥ ਨੇ ਇਸਤਰੀ ਨੂੰ ਮੁਕਤੀ ਦੇਰਾਹ ਵਿਚ ਰੁਕਾਵਟ ਸਮਝ ਕੇ ਉਸ ਨੂੰ 'ਬਾਘਣ' ਦੀ ਸੰਗਿਆ ਦਿੱਤੀ ਹੈ।

ਦਾਮ ਕਾਢ ਬਾਘਣ ਲੈ ਆਇਆ॥

ਮਾਉ ਕਹੇ ਮੇਰਾ ਪੂਤੁ ਬਿਆਹਿਆ॥

ਗੀਲੀ ਲਕੜੀ ਕੋ ਘੁਣ ਲਾਇਆ॥

ਤੀਨ ਡਾਲ ਮੂਲ ਸਣ ਖਾਇਆ॥

ਬਾਘਣ ਜਿੰਦ ਲੇਇ, ਬਾਘਣ ਬਿੰਦ ਲੇਇ,

ਬਾਘਣ ਹਮਰੀ ਕਾਇਆ॥

ਇਸ ਬਾਘਣ ਤ੍ਰੈਲੋਈ ਖਾਈ

ਬਦਤਿ ਗੋਰਖਿ ਰਾਇਆ॥

ਕਬੀਰ ਗ੍ਰੰਥਾਵਲੀ ਵਿਚ ਕਬੀਰ ਜੀ ਵਰਗੇ ਮਹਾਂਪੁਰਸ਼ ਨੇ ਵੀ ਇਸਤਰੀ ਨੂੰ 'ਸੱਪ ਨਾਲੋਂ ਜ਼ਹਿਰੀਲੀ' ਕਹਿ ਕੇ ਉਸਦਾ ਘੋਰ ਅਪਮਾਨ ਕੀਤਾ ਹੈ।

ਜਾ ਤਨ ਕੀ ਛਾਈਂ ਪਰਤ ਹੀ ਅੰਧਾ ਹੋਤ ਭੁਜੰਗ॥

ਉਨਕੇ ਕਿਆ ਹਾਲ ਹੋਂ ਜਿਨਕੇ ਰਹਤ ਵੋ ਸੰਗ॥

ਜੇਕਰ ਲੋਕਮਨ ਨੂੰ ਸੇਧ ਦੇਣ ਵਾਲੇ ਧਾਰਮਿਕ ਗ੍ਰੰਥ ਅਤੇ ਮਹਾਂਪੁਰਸ਼ ਹੀ ਔਰਤ ਨਾਲ ਘ੍ਰਿਣਾ ਕਰਦੇ ਹਨ ਤਾਂ ਸੁਭਾਵਿਕ ਹੀ ਲੋਕ ਸਮੂਹ ਦੇ ਮਨ ਵਿਚ ਵੀ ਔਰਤ ਪ੍ਰਤੀ ਘ੍ਰਿਣਾ ਉਤਪੰਨ ਹੋਵੇਗੀ।

ਭਾਰਤੀ ਰੂਹਾਨੀ ਪਰੰਪਰਾ ਵਿਚ ਔਰਤ ਹਮੇਸ਼ਾ ਨਿੰਦਣਯੋਗ ਅਤੇ ਖੋਟਪੂਰਨ ਪਾਤਰ ਰਹੀ ਹੈ ਕਿਉਂਕਿ ਰੂਹਾਨੀ ਪੰਧ ਅਤੇ ਭਗਤੀ ਸਾਧਨਾ ਵਿਚ ਲੀਨ ਵਿਅਕਤੀ ਨੂੰ ਖੰਡਿਤ ਕਰਨ ਦੀ ਸ਼ਕਤੀ ਕੇਵਲ ਇਸਤਰੀ ਨੂੰ ਹੀ ਮੰਨਿਆ ਜਾਂਦਾ ਰਿਹਾ ਹੈ। ਇਸੇ ਕਰਕੇ ਇਸਤਰੀ ਲੜਾਈ ਦੀਆਂ ਤਿੰਨ ਬੁਨਿਆਦੀ ਧਿਰਾਂ ਵਿਚੋਂ ਇਕ ਗਿਣੀ ਗਈ ਹੈ ਜਿਹਨਾਂ ਨੂੰ ਜ਼ਰ ਜ਼ੋਰੂ ਤੇ ਜ਼ਮੀਨ ਕਿਹਾ ਜਾਂਦਾ ਹੈ। ਇਸੇ ਕਾਲ ਵਿਚ ਸਾਮੰਤੀ ਚਿੰਤਨ ਪ੍ਰਬੰਧ ਨੇ ਭਾਰੀ ਭੂਮਿਕਾ ਨਿਭਾਈ ਹੈ। ਔਰਤ ਮਰਦ ਲਈ ਇੱਜ਼ਤ ਦਾ ਮਸਲਾ ਬਣ ਜਾਂਦੀ ਹੈ। ਔਰਤ ਧੀ ਬਣ ਕੇ ਆਉਂਦੀ ਹੈ ਤਾਂ ਮਰਦ ਦਾ ਸਿਰ ਝੁਕ ਜਾਂਦਾ ਹੈ ਕਿਉਂਕਿ ਉਸਨੂੰ ਧੀ ਬਿਗਾਨੇ ਮਰਦ ਨੂੰ ਦੇਣੀ ਪੈਂਦੀ ਹੈ। ਸਮਾਜ ਵਿਚ ਧੀ ਵਾਲੀ ਧਿਰ ਨੀਵੀਂ ਹੁੰਦੀ ਹੈ ਤੇ ਪੁੱਤ ਵਾਲੀ ਉੱਚੀ। ਇਸ ਗੱਲ ਦੀ ਪੁਸ਼ਟੀ ਲੋਕਗੀਤਾਂ ਵਿਚੋਂ ਵੀ ਹੁੰਦੀ ਹੈ।

ਬਾਬਲ ਮੇਰਾ ਕਦੇ ਨਾ ਨਿਵਿਆਂ

ਧੀਆਂ ਆਣ ਨਿੰਵਾਇਆ।

ਧੀ ਜੰਮਣ ਨਾਲ ਮਾਂ ਪਿਉ ਦੇ ਸਿਰ ਤੇ ਬੋਝ ਪੈ ਜਾਂਦਾ ਹੈ। ਜਦੋਂ ਧੀ ਵਿਆਹੀ ਜਾਂਦੀ ਹੈ ਤਾਂ ਇਹ ਬੋਝ ਉਹਨਾਂ ਦੇ ਦਿਲ ਤੇ ਆ ਪੈਂਦਾ ਹੈ। ਬੋਝ ਇਸਲਈ ਕਿਉਂਕਿ ਉਹਦੇ ਲਈ ਦਾਜ ਬਣਾਉਣਾ, ਵਰ ਲੱਭਣਾ, ਵਿਆਹ ਕਰਨਾ, ਪੰਡਾਂ ਰੁਪਈਏ ਖਰਚ ਕਰਨੇ ਫਿਰ ਵੀ ਮੁੰਡੇ ਵਾਲਿਆਂ ਦੀ ਧਿਰ ਉੱਚੀ ਤੇ ਕੁੜੀ ਵਾਲੇ ਨੀਵੇਂ। ਜੇਕਰ ਵਰ ਚੰਗਾ ਲੱਭ ਜਾਵੇ ਤਾਂ ਠੀਕ, ਨਹੀਂ ਤਾਂ ਸਾਰੀ ਉਮਰ ਧੀ ਨਾਲ ਮਾਪੇ ਵੀ ਦੁਖੀ ਰਹਿੰਦੇ ਹਨ।

ਰਾਜਿਆਂ ਮਹਾਂਰਾਜਿਆਂ ਲਈ ਰਾਜ ਆਉਂਦੇ ਜਾਂਦੇ ਰਹਿੰਦੇ ਹਨ। ਤਾਕਤਵਰ ਧਿਰਾਂ ਲੜਾਈ ਦੇ ਮਾਧਿਅਮ ਰਾਹੀਂ ਮਾੜੀ ਧਿਰ ਨੂੰ ਫਤਹਿ ਕਰ ਲੈਂਦੀਆਂ ਹਨ ਤੇ ਉਹਨਾਂ ਦੀਆਂ ਕੁਆਰੀਆਂ ਵਿਆਹੀਆਂ ਔਰਤਾਂ ਨੂੰ ਹਰਮਾਂ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ। ਸਿੱਟੇ ਵਜੋਂ ਮਰਦ ਨੂੰ ਔਰਤ ਕਰਕੇ ਬੇਸ਼ਰਮ ਤੇ ਬੇਅਣਖ ਹੋਣਾ ਪੈਂਦਾ ਹੈ। ਸਾਮੰਤੀ, ਜਾਗੀਰਦਾਰੀ ਤੇ ਪੂੰਜੀਵਾਦੀ ਯੁਗਾਂ ਵਿਚ ਅਜਿਹੀਆਂ ਪ੍ਰਵਿਰਤੀਆਂ ਭਾਰੂ ਰਹੀਆਂ ਹਨ। ਰਾਜਸਥਾਨੀ ਜੀਵਨ ਜਾਚ ਵਿਚ ਕੁੜੀ ਮਾਰ ਪਰੰਪਰਾ ਰਹੀ ਹੈ। ਸਿੱਟੇ ਵਜੋਂ ਇਸ ਅਣਖ ਨੂੰ ਬਚਾਉਣ ਵਾਸਤੇ ਬਾਲ ਵਿਆਹ ਪ੍ਰਚਲਿਤ ਕੀਤੇ ਗਏ ਕਿਉਂਕਿ ਲੜਕੀ ਨੂੰ ਉਸ ਸੀਮਾ ਤੇ ਜਾਣ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਜਿਥੇ ਉਸ ਨੂੰ ਸਭਿਆਚਾਰਕ ਦ੍ਰਿਸ਼ਟੀ ਤੋਂ ਗੈਰ ਆਚਰਣ ਹੋਣ ਦੀ ਸੰਭਾਵਨਾ ਹੋ ਸਕਦੀ ਸੀ।

ਸਾਰੇ ਵਰਤਾਰਿਆਂ ਦੇ ਸੰਦਰਭ ਵਿਚ 'ਜਿਸ ਦੀ ਧੀ ਸੁਖੀ, ਉਸ ਦੀ ਕੁਲ ਸੁਖੀ' ਵਾਲੀ ਗੱਲ ਤਾਂ ਸੰਭਵ ਨਹੀਂ। ਦੂਸਰਾ ਸਾਡਾ ਲੋਕ ਸਾਹਿਤ ਲੋਕ ਮਾਨਸਿਕਤਾ ਦਾ ਹਿੱਸਾ ਬਣ ਚੁੱਕਾ ਹੈ। ਜਿਹੜੀ ਗੱਲ ਲੋਕ ਮਨ ਦਾ ਹਿੱਸਾ ਹੋਵੇ ਉਸ ਤੋਂ ਕਿਨਾਰਾ ਕਰਨਾ ਮੁਸ਼ਕਿਲ ਹੁੰਦਾ ਹੈ। ਲੋਕ ਸਮੂਹ ਇਹ ਚਾਹੁੰਦਾ ਹੈ ਕਿ ਕਿਸੇ ਵੀ ਕਾਰਨ ਸਮਾਜ ਵਿਚ ਉਹਨਾਂ ਨੂੰ ਹੀਣਤਾ ਦਾ ਸ਼ਿਕਾਰ ਨਾ ਹੋਣਾ ਪਵੇ ਤੇ ਨਮੋਸ਼ੀ ਦਾ ਸਭ ਤੋਂ ਵੱਡਾ ਕਾਰਨ ਲੜਕੀ ਨੂੰ ਮੰਨਿਆ ਜਾਂਦਾ ਹੈ।

ਧੀਆਂ ਜੰਮੀਆਂ ਦੇ ਮੂੰਹ ਕਾਲੇ ਹੁੰਦੇ ਨੇ।

ਇਥੇ ਜ਼ਿਕਰਯੋਗ ਹੈ ਕਿ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਸਭ ਤੋਂ ਪਹਿਲਾਂ ਔਰਤ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿਉਂਕਿ ਦਾਦੀ ਜਾਂ ਮਾਂ ਦੇ ਦਿਲ ਵਿਚ ਪੁੱਤਰ ਪ੍ਰਾਪਤੀ ਦੀ ਇੱਛਾ ਵਧੇਰੇ ਪ੍ਰਚੰਡ ਹੁੰਦੀ ਹੈ। ਵਾਸਤਵ ਵਿਚ ਔਰਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਧਿਰ ਵੀ ਔਰਤ ਹੀ ਹੁੰਦੀ ਹੈ।

ਰੰਨ ਰੰਨ ਨੂੰ ਛਲੇ।

ਉਹਦੇ ਕੋਲੋਂ ਖ਼ੁਦਾ ਡਰੇ।

'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ' ਕਹਿ ਕੇ ਜਿਹੜਾ ਸਤਿਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਦਿੱਤਾ ਸੀ ਉਸਨੂੰ ਬਰਕਰਾਰ ਰੱਖਣ ਦਾ ਯਤਨ ਕਰਨ ਅਤੇ ਬੰਦ ਕਮਰਿਆਂ ਦੀਆਂ ਬੌਧਿਕ ਚਲਾਕੀਆਂ ਤੋਂ ਉੱਪਰ ਉੱਠ ਕੇ ਕੁਝ ਵਿਹਾਰਕ ਕਿਸਮ ਦੇ ਯਤਨ ਕੀਤੇ ਜਾਣ ਦੀ ਲੋੜ ਹੈ।